
ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਏਹੁ ਜਿ ਸਾਜਨੁ ਮੈ ਕੀਆ, ਸਰਬ ਕਲਾ ਸਮਰਥੁ॥




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

ਪ੍ਰਕਾਸ਼:
ਕੱਤਕ ਸੁਦੀ ਇਕਾਦਸ਼ੀ, 1977 ਬ੍ਰਿ:
22 ਨਵੰਬਰ 1920 ਈ.

ਬ੍ਰਹਮਲੀਨ
29 ਮੱਘਰ 2069 ਬਿ:
13 ਦਸੰਬਰ 2012 ਈ:

ਇਸਤੇ ਅਭਿਆਸ
ਕਰੋ
ਸੁਖ ਦੁਖ ਜਿਹ
ਪਰਸੈ ਨਹੀ ਲੋਭ
ਮੋਹ ਅਭਿਮਾਨ
ਦੇਖੋ ਕਿਨਾਂ ਸੁਖ ਪ੍ਰਾਪਤ
ਹੁੰਦਾ ਹੈ



ਹਸਤ-ਲਿਖਤ : ਗੁਰ-ਉਪਦੇਸ਼
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ


ਗੋਧਨ ਬਾਜਧਨ
ਗਜਧਨ ਔਰ
ਰਤਨ ਧਨ ਖਾਨ
ਜਬ ਆਵੈ ਸੰਤੋਖ
ਧਨ, ਸਭਧਨ
ਧੂਰ ਸਮਾਨ

[illegible]
[illegible]
ਰਖਕੇ ਨਾਮ ਦਾ
ਜਾਪ ਤੇ ਸਿਮਰਨ
[illegible] ਕਰੋ
[illegible]
ਤਾਂ ਤੇ [illegible]
ਆਖਿਆ ਕੀਤਾ
[illegible]

੧ਓ ਸਤਿਗੁਰ
[illegible]
ਨਾਮਧਾਰੀ ਗੁਰਬਾਣੀ ਅਨੁਸਾਰ
ਗੁਰੂ, ਸਿਖ ਨਾਮ [illegible]
੧. ਗੁਰੂ ਦੀ ਭਗਤੀ
੨ ਨਾਮ ਦੀ ਭਗਤੀ
੩ ਨਾਮ [illegible]
੪ ਗੁਰੂ ਤੋਂ ਕਿਵੇਂ ਭਗਤੀ [illegible]



ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹਾਨੀ ਮਹਿਕ ਨਾਲ ਫਿਜ਼ਾ ਤਰੰਗਤ ਹੈ। ਆਪ ਜੀ ਦੀ ਸਰਬੰਗੀ ਸ਼ਖਸ਼ੀਅਤ ਦੇ ਵਿਭਿੰਨ ਰੰਗ ਚੁਫੇਰੇ ਖਿੜੇ ਵਿਖਾਈ ਦੇ ਰਹੇ ਹਨ। ਆਪ ਜੀ ਵਲੋਂ ਬਖਸ਼ੇ ਰੱਬੀ ਨਾਮ ਦਾ ਸਿਮਰਨ ਹੋ ਰਿਹਾ ਹੈ। ਆਪ ਜੀ ਵਲੋਂ ਸਿਖਾਈ ਸ਼ੁੱਧ ਗੁਰਬਾਣੀ ਦਾ ਪਾਠ ਕੰਨਾ ਚ ਰਸ ਘੋਲ ਰਿਹਾ ਹੈ। ਇਥੇ, ਹਰ ਰੁੱਖ ਸਾਜ ਜਿਹਾ ਵੱਜਦਾ ਹੈ, ਪੱਤਾ ਪੱਤਾ ਸੁਰ ਲੱਗਦਾ ਹੈ। ਉਹ ਇਲਾਹੀ ਸੁਪਨ-ਸਾਜ਼, ਉਹ ਰੱਬੀ-ਸਾਜ਼-ਨਿਵਾਜ਼, ਗਰੀਬ ਨਿਵਾਜ਼ੀ ਤੇ ਸੱਚੀ-ਪਾਤਸ਼ਾਹੀ ਦੀ ਇਬਾਰਤ ਸਾਡੇ ਦਿਲਾਂ ਤੇ ਉੱਕਰ ਗਿਆ ਹੈ। ਸਾਡਾ ਭਵਿੱਖ ਅਤੇ ਸਾਡੇ ਵਾਰਸ ਇਸ ਬੇਅੰਤ ਪਾਤਸ਼ਾਹ ਦੀ ਬੇਅੰਤਤਾ ਲਈ ਸਦਾ ਸਦਾ ਲਈ ਰਿਣੀ ਰਹਿਣਗੇ.....



ਕਹਿਕਸ਼ਾ ਤੋਂ ਪਾਰ ਵੀ ਢੂਡਾਂਗਾ ਮੈਂ ਤੈਨੂੰ ਜ਼ਰੂਰ,
ਜ਼ਿੰਦਗੀ ਤੋਂ ਬਾਅਦ ਦੀ ਮੈਨੂੰ ਕਦੀ ਜੇ ਪਰ ਮਿਲੇ,
ਰੀਝ ਹੈ ਕਿ ਜ਼ਿੰਦਗੀ ਦੇ ਆਖਰੀ ਦਿਨ ਤੂੰ ਮਿਲੇਂ,
ਰੱਬ ਮਿਲੇ ਜਾਂ ਨਾ ਮਿਲੇ ਮਹਿਬੂਬ ਤਾਂ ਆਖ਼ਰ ਮਿਲੇ।




ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ॥
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ॥
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ॥
(ਸਿਰੀ ਰਾਗੁ ਮਹਲਾ ੫)




ਜਿਸ ਜੰਤੂ ਨੇ ਤ੍ਰੇਤੇ ਦੇ ਵਿਚ ਸੇਤੂ ਰਾਮ ਬਣਾਇਆ।
ਰਾਮ ਰੂਪ ਜਗਜੀਤ ਗੁਰੂ ਨੇ ਓਸੇ ਨੂੰ ਲਡਿਆਇਆ॥

(ਹ.ਸ. ਸੇਵਕ)




ਜਿਸ ਦੇ ਦਰ ਤੇ ਨਹੀਂ ਵਿਤਕਰਾ, ਕੀ ਗੋਰਾ, ਕੀ ਕਾਲਾ,
ਜਿਸ ਦਾ ਤੇਜ ਸੂਰਜੀ ਕਰਦਾ, ਸਭ ਨੂੰ ਨਦਰਿ ਨਿਹਾਲਾ॥

(ਸ.ਸ. ਵਿਰਕ)



ਏਕ ਤੇਰੀ ਤਮੰਨਾ ਨੇ ਕੁਝ ਐਸਾ ਨਿਵਾਜਾ ਹੈ।
ਮਾਂਗੀ ਹੀ ਨਹੀਂ ਜਾਤੀ ਅਬ ਕੋਈ ਦੁਆ ਹਮ ਸੇ॥



ਬਚਪਨ ਦੇ ਵਿੱਚ ਰਾਗ ਵਿੱਦਿਆ ਜਿਨ੍ਹਾਂ ਪਾਸੋਂ ਮਾਣੀ,
ਸਾਜ਼ ਸੁਰਾਂ ਦਾ ਸੰਗਮ ਬਣ ਕੇ ਗੂੰਜੀ ਅਨਹਦ ਬਾਣੀ।


(੧)

ਕਾਪੀ ਰਾਗ ਵਿਦਆ
ਸ੍ਰੀ ਭੈਣੀ ਸਾਹਿਬ
ਜ਼ਿਲਾ
ਲੁਧਿਆਣਾ

(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਤੇ ਯੁਵਾ ਅਵਸਥਾ ਸਮੇਂ ਦੀ ਰਾਗ ਵਾਲੀ ਕਾਪੀ ਦੀਆਂ ਕੁਝ ਵੰਨਗੀਆਂ)



1 ਗ ਮ ਪ ਨ ਸ ਗ
2 ਸ ਗ ਮ ਪ ਨ ਸ
3 ਨ ਸ ਗ ਮ ਪ ਨ
4 ਪ ਨ ਸ ਗ ਮ ਪ
5 ਮ ਪ ਨ ਸ ਗ ਮ



ਦਿਲਰੁਬਾ ਤੇ ਤਰਬ ਵਾਦਨ

ਗ ਸ ਨ ਪ ਮ ਗ
ਸ ਨ ਪ ਮ ਗ ਸ
ਨ ਪ ਮ ਗ ਸ ਨ
ਪ ਮ ਗ ਸ ਨ ਪ
ਮ ਗ ਸ ਨ ਪ ਮ

ਤਾਊਸ਼ ਤੇ ਅਭਿਆਸ ਲਈ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਸਤ-ਲਿਖਤ ਸਰਗਮ



ਗੁਰਮਤਿ ਸੰਗੀਤ
ਦੇ ਸੁਰੱਖਿਅਕ



ਖੰਡ ਮਾਤਰਾ ਵਿਚ ਸਵੱਰ ਰਚਨਾਂ

ਰਾਗ ਪੂਰੀਆ ਕਲਿਆਣ 13⅞ ਮਾਤਰਾ

ਤੁਧ ਚਿਤਵਤ ਸੁਖ ਅਧਿਕ ਹੋਇ, ਨਾਸਹਿ ਅਨ ਗਨ ਪਾਪ ॥
ਕਰ ਕਿਰਪਾ ਮੋਹਿ ਰਿਦ ਬਸਹੁ, ਸ੍ਰੀ ਸਤਿਗੁਰ ਪ੍ਰਤਾਪ ॥

(ਇਹ ਕਵਿਤਾ ਤੇ ਬੰਦਿਸ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਬਣਾਈ)



ਕਹੂੰ ਰੀਤ ਨਾਦ ਕੇ ਨਿਦਾਨ ਕੋ ਬਤਾਵਤ ਹੈ

ਖੰਡ ਮਾਤਰਾ ਦੀਆਂ
ਕਠਿਨਾਈਆਂ
ਸਹਿਲ ਕਰਦੇ ਹੋਏ ਹਸਤ ਕੰਵ



ਦੇਹਰਾਦੂਨ ਉ. ਵਿਲਾਇਤ ਖਾਂ ਦੇ ਘਰ ਸ੍ਰੀ ਸਤਿਗੁਰੂ ਜੀ ਦੇ ਨਾਲ ਤਾਨਪੂਰੇ ਤੇ ਸੰਗਤ ਕਰਦੇ ਹੋਏ, ਉ. ਵਿਲਾਇਤ ਖਾਂ ਤੇ ਪੰ. ਰਾਜਨ ਮਿਸ਼ਰਾ

ਤੇਰਾ ਓਹ ਗੁਣ-ਗੁਣਾਉਣਾ ਤੇ ਗੀਤ ਰੱਬੀ ਗਾਉਣਾ,
ਸੰਗੀਤ ਦਾ ਉਹ ਆਲਮ, ਰਾਹੀਆਂ ਨੇ ਰੁਕ ਖਲੋਣਾ।



ਸੰਸਾਰ ਪ੍ਰਸਿਧ ਪੰ. ਬਿਰਜੂ ਮਹਾਰਾਜ ਦੇ ਕੱਥਕ ਕੇਂਦਰ (ਦਿੱਲੀ) ਵਿਖੇ ਸ੍ਰੀ ਸਤਿਗੁਰੂ ਜੀ ਆਪਣੇ
ਭੇਜੇ ਸ਼ਿਸ਼ ਅਮਰ ਸਿੰਘ ਅੰਬਾ ਦਾ ਨ੍ਰਿਤ ਪ੍ਰੀਕਸ਼ਣ ਕਰ ਰਹੇ ਹਨ, ਨਾਲ ਖੱਬੇ ਬੈਠੇ ਪੰ. ਬਿਰਜੂ ਮਹਾਰਾਜ

ਰਹਿਨੁਮਾਂ ਦੀ ਰਹਿਨੁਮਾਈ

ਹਰਬੰਸ ਸਿੰਘ ਘੁਲਾ, ਸੁਰਜੀਤ ਸਿੰਘ ਸਾਰੰਗੀ, ਰਜਿੰਦਰ ਸਿੰਘ ਸੰਤੂਰ,
ਸੁਖਦੇਵ ਮੋਹਨ ਸਿੰਘ - ਸਾਰਿਆਂ ਨੂੰ ਦੱਸ ਦਿਓ

ਵੱਖ ਵੱਖ
ਰਾਗਾਂ ਦੀਆਂ
ਪਉੜੀਆਂ
ਸਲੋਕ
ਧੁਨੀਆਂ
ਬੱਚਿਆਂ ਨੂੰ
ਯਾਦ ਕਰਾਈਆਂ
ਜਾਣ ਵੱਖ ਵੱਖ
ਪਉੜੀਆਂ
ਅਲਾਹਣੀਆਂ ਨਾਲ
ਵੱਖੋ ਵੱਖ ਪਖਾਵਜ ਭੀ

(੨੯ ਹਾੜ ੨੦੫੦ ,
੦੦੪੪੫ ਆਸਾ ਦੀ ਵਾਰ)

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਖੋਜ ਦਾ ਕੰਮ
ਬਹੁਤ ਕਰਨ ਵਾਲਾ ਹੈ
ਸਾਰੇ ਧਿਆਨ ਦਿਓ
ਅਧਾ ਜਾਂ ੧ ਘੰਟਾ
ਕਠੇ ਹੋਕੇ ਰੋਜ ਇਹ
ਕੰਮ ਕਰੋ-
ਸੂਹੀ-ਬਿਲਾਵਲ
ਸੋਰਠ ਦੇਸ
ਬਰਵਾ
ਵੱਖੋ ਵੱਖ ਕੀਤੇ ਜਾਣ

(ਸੰਨ ੧੨-੭-੧੯੯੪)


ਮਾਸਟਰ ਦਰਸ਼ਨ ਸਿੰਘ ਜੀ
ਅਜ ਹੀ ਵਾਰ ਤੋਂ ਪਿਛੋਂ
ਪੰਜ ਛੇ ਮੁੰਡੇ ੮-੧੦
ਸਾਲ ਦੇ ਏਥੋਂ ਲਿਖਣ
ਛੁਟੀਆਂ ਵੇਲੇ GBS
(ਗੁਰਦੁਆਰਾ ਭੈਣੀ ਸਾਹਿਬ)
ਸਦਕੇ ਵਾਰਾ ਲੈਣ ਯੋਗ
ਬਨਾਣ - ਅਜ ਤੋਂ ਹੀ ਓਨਾਂ
ਨੂੰ ਜੋਗਾ ਸਿੰਘ ਵਾਰ ਕੰਠ ਕਰਾਵੇ
ਸੁਧ

੪ ਨਵੰਬਰ ੧੯੯੬ ਆਸਾ ਦੀ ਵਾਰ ਵਿਚ
ਸ੍ਰੀ ਸਤਿਗੁਰੂ ਜੀ ਨੇ ਲਿਖਕੇ ਹੁਕਮ ਕੀਤਾ

ਸੰਗੀਤ ਨੂੰ ਪ੍ਰਫੁਲਿਤ ਕਰਨ ਲਈ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੇਵਕਾਂ ਨੂੰ ਆਦੇਸ਼ - ਕੁਛ ਨਮੂਨੇ



ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥





ਸੇਵਾ, ਸਿਮਰਨ, ਕਿਰਤ ਸੁੱਚਜੀ, ਏਥੋਂ ਸੋਝੀ ਪਾਈ।
ਬਰਤਨ ਮਾਂਜੇ, ਦਾਲਾਂ ਚੁਗੀਆਂ ਸਤਿਗੁਰ ਦੀ ਵਡਿਆਈ।



[illegible]

7th. APRIL, 1949.

๗ เมษายน ๒๔๙๒.

THURSDAY.
วันพฤหัสบดี.

{ขึ้น 10 ค่ำ: เดือน 5: ปี ฉลู
Waxing-Day: Moon : Ox-Year}

[illegible]

8th. APRIL, 1949.

๘ เมษายน ๒๔๙๒

FRIDAY.
วันศุกร์

{ขึ้น 11 ค่ำ: เดือน 5: ปี ฉลู
Waxing-Day: Moon : Ox-Year}

[illegible]


ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਦੀ ਹਸਤ ਲਿਖਤ ਡਾਇਰੀ




ਤੇਰੇ ਪੋਟਿਆਂ ਦੀ ਛੁਹ ਨੂੰ ਤਰਸਦੇ ਨੇ
ਗੁੰਮ ਸੁੰਮ ਹੋਏ ਤੰਤੀ ਸਾਜ਼ ਤੇਰੇ।
ਪਏ ਭੁਲਦੇ ਰਾਗ ਨੇ ਰਾਗੀਆਂ ਨੂੰ
ਨਹੀਂ ਰਾਗਾਂ ਦੇ ਹੁੰਦੇ ਆਗਾਜ਼ ਤੇਰੇ।
ਹਰੀ ਮੰਦਰ ਦੀਆਂ ਕੰਧਾਂ ਨੇ ਹਿੱਕ ਲਾ ਲਏ
ਅੰਮ੍ਰਿਤ ਵੇਲੇ ਦੇ ਕੀਤੇ ਰਿਆਜ਼ ਤੇਰੇ।
ਆਖੇ ਦਿਲਰੁਬਾ, ਤਾਰ ਸ਼ਹਿਨਾਈ ਪੁਛਦੀ
ਦਰਸ਼ਨ ਹੋਏ ਨਹੀਂ ਗਰੀਬ ਨਿਵਾਜ ਤੇਰੇ।

(ਸਤਨਾਮ, ਕੋਮਲ)





ਮਿਹਰ ਤੱਕਣੀ ਐਸੀ ਕੀਤੀ, ਬਖ਼ਸ਼ਿਸ਼ ਦੇ ਦਰ ਖੋਲ੍ਹੇ।
ਦਾਤ ਇਲਾਹੀ ਬਖਸ਼ੀ ਸਤਿਗੁਰ ਭਰਿਆ ਕਦੇ ਨਾ ਡੋਲੇ।



ਜੈਸਾ ਸਤਿਗੁਰ ਸੁਣੀਦਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼, ਅਟੱਲ ਪਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਪਿਆਰ ਦੀ ਮੂਰਤ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, 22 ਨਵੰਬਰ 1920 ਈ. ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭੇ ਮਹਾਨ ਕੂਕਾ ਅੰਦੋਲਨ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਗੁਰਮਤਿ ਦੀ ਇਸ ਟਕਸਾਲ ਵਿਚ ਬਚਪਨ ਤੇ ਯੁਵਾ ਕਾਲ ਵਿਖੇ ਹੀ ਆਪ ਨਾਮਬਾਣੀ, ਸੇਵਾ-ਸਿਮਰਨ ਅਤੇ ਸਿੱਖੀ ਰਹਿਤ-ਮਰਿਯਾਦਾ ਵਿਚ ਪ੍ਰਪੱਕ ਹੋ ਗਏ। ਪੁਰਾਤਨ ਰਿਖੀ ਆਸ਼ਰਮਾਂ ਜਹੀ ਪਾਠਸ਼ਾਲਾ ਵਿਚ ਆਪ ਨੇ ਬਹੁ ਭਾਸ਼ਾਈ ਗਿਆਨ ਦੇ ਨਾਲ ਨਾਲ ਦੀਨੀ ਅਤੇ ਦੁਨਿਆਵੀ ਸਿਖਿਆ ਹਾਸਲ ਕੀਤੀ।

ਤਪੋ ਭੂਮੀ ਸ੍ਰੀ ਭੈਣੀ ਸਾਹਿਬ ਹਰ ਰੰਗ ਦੇ ਦੇਸ਼ ਭਗਤਾਂ ਦੀ ਪਨਾਹਗਾਹ ਰਹੀ ਹੈ, ਸਤਿਗੁਰੂ ਜੀ, ਪਿਤਾ ਸਤਿਗੁਰੂ ਦੇ ਹੁਕਮ ਮੁਤਾਬਿਕ, ਕੌਮ ਪ੍ਰਸਤਾਂ ਦੇ ਹਰ ਕਾਰਜ ਵਿਚ ਸਹਾਇਕ ਰਹੇ। ਦੇਸ਼ ਬਟਵਾਰੇ ਸਮੇਂ ਪੱਛਮੀ ਪੰਜਾਬ ਤੋਂ ਉੱਜੜ ਕੇ ਆਉਣ ਵਾਲਿਆਂ ਦੇ ਮੁੜ ਵਸੇਬੇ ਵਿਚ ਇਤਿਹਾਸਕ ਯੋਗਦਾਨ ਪਾਇਆ। ਪਿਤਾ ਸਤਿਗੁਰੂ ਦੇ ਬ੍ਰਹਮਲੀਨ ਹੋਣ ਸਮੇਂ 22 ਅਗਸਤ 1959 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪ ਜਪੀਆਂ ਤਪੀਆਂ ਅਤੇ ਸ਼ਹੀਦਾਂ ਵਾਲੇ ਨਾਮਧਾਰੀ ਸੰਤ-ਖਾਲਸੇ ਦੀ ਗੁਰਤਾ ਤੇ ਬਿਰਾਜਮਾਨ ਹੋਏ।

ਅੱਧੀ ਸਦੀ ਤੋਂ ਵੱਧ ਵਕਤ ਤੇ ਫੈਲੇ ਆਪਣੇ ਗੁਰਤਾ ਕਾਲ ਵਿਚ ਆਪ ਨੇ ਨਾਮਧਾਰੀ ਸੰਗਤ ਦੀ ਅਧਿਆਤਮਿਕ ਪ੍ਰਗਤੀ ਅਤੇ ਵਿਸ਼ਵ-ਸਹਿਚਾਰ ਦੀ ਭਾਵਨਾ ਹਿੱਤ ਅਨੇਕ ਵੇਰ ਆਪਣੀਆਂ ਕਲਿਆਣਕਾਰੀ ਵਿਸ਼ਵ ਯਾਤਰਾਵਾਂ ਕੀਤੀਆਂ। ਇਸ ਲਈ ਆਦਿ ਗੁਰੂ ਬਾਬੇ ਦੀਆਂ ਜਗਤ ਜਲੰਦੇ ਲਈ ਕੀਤੀਆਂ ਉਦਾਸੀਆਂ ਆਪ ਦਾ ਪ੍ਰੇਰਨਾ ਸਰੋਤ ਬਣੀਆਂ।

ਆਪ ਜੀ ਨੇ ਗੁਰਮਤਿ ਸੰਗੀਤ ਅਤੇ ਸ਼ਾਸ਼ਤ੍ਰੀ ਸੰਗੀਤ ਪਰੰਪਰਾ ਦੀ ਸ੍ਰੀ ਭੈਣੀ ਸਾਹਿਬ ਵਿਚ ਇਕ ਟਕਸਾਲ ਸਥਾਪਿਤ ਕਰ ਦਿਤੀ। ਤੰਤੀ ਸਾਜ਼ਾਂ ਨਾਲ ਗੁਰਬਾਣੀ ਗਾਇਨ ਪਰੰਪਰਾ ਨੂੰ ਵਿਸਥਾਰਿਤ ਕੀਤਾ ਦੇਸ਼ ਵਿਦੇਸ਼ਾਂ ਦੇ ਉੱਘੇ ਸੰਗੀਤ ਅਚਾਰੀਆ ਆਪ ਦੇ ਦਰਬਾਰ ਦੀ ਹਾਜ਼ਰੀ ਭਰਨਾ ਆਪਣਾ ਮਾਣ ਸਮਝਦੇ ਸਨ। ਬਾਣੀ ਅਤੇ ਬਾਣੇ ਦੀ ਸ਼ੁੱਧਤਾ ਨੂੰ ਕਾਇਮ ਰੱਖਦਿਆਂ ਆਪ ਜੀ ਨੇ ਸਾਬਤ ਸੂਰਤ ਸਿੱਖੀ ਸਰੂਪ ਨੂੰ ਹਰ ਖੇਤਰ ਵਿਚ ਮਾਣਯੋਗ ਪਹਿਚਾਣ ਦਿਵਾਈ। ਨਾਮਧਾਰੀ ਸਮਾਜ ਨੇ ਆਪ ਦੀ ਰਹਿਨੁਮਾਈ ਹੇਠ, ਸਿੱਖੀ ਦੇ ਬੁਨਿਆਦੀ ਸਿਧਾਂਤ, ਕਿਰਤ ਕਰਨ ਨੂੰ ਅਜੋਕੇ ਸਮੇਂ ਦੇ ਹਾਣੀ ਬਣਾਉਂਦਿਆਂ ਖੇਤੀ-ਬਾੜੀ, ਬਾਗਬਾਨੀ ਅਤੇ ਤਕਨੀਕੀ ਖੇਤਰ ਵਿਚ ਵੀ ਵਿਸ਼ੇਸ਼ ਪਰਾਪਤੀਆਂ ਕੀਤੀਆਂ ਹਨ। ਸਿੱਖਿਆ ਅਤੇ ਸਿਹਤ ਦੇ ਵੱਡੇ ਅਦਾਰੇ ਕਾਇਮ ਕੀਤੇ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿਚ ਵੀ ਆਪ ਦਾ ਵੱਡਾ ਯੋਗਦਾਨ ਹੈ। ਆਪ ਦੀ ਉਦਾਰਤਾ ਨੇ ਤਾਂ ਹਾਤਮਤਾਈ ਦੇ ਕਿੱਸੇ ਵੀ ਮਾਤ ਪਾ ਦਿੱਤੇ। ਅਉਣ ਵਾਲੀਆਂ ਪੀੜੀਆਂ ਨੂੰ ਵਿਰਾਸਤ ਪ੍ਰਤੀ ਜਾਗਰੂਕ ਕਰਨ ਲਈ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਅਤੇ ਸਮਾਰਕ ਕਾਇਮ ਕਰਦਿਆਂ ਦੇਸ਼-ਪ੍ਰੇਮ ਨਾਲ ਜੋੜਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪਰਚਾਰ ਤੇ ਪਰਸਾਰ ਕਰਦਿਆਂ ਸਾਂਝੀਵਾਲਤਾ, ਵਿਸ਼ਵ-ਅਮਨ ਅਤੇ ਭਰਾਤਰੀ-ਭਾਵ ਦਾ ਝੰਡਾ ਵਿਸ਼ਵ ਭਰ ਵਿੱਚ ਬੁਲੰਦ ਕੀਤਾ ਹੈ। ਅੱਜ ਗੁਰਸਿੱਖੀ ਸਿਧਾਂਤਾ ਅਨੁਸਾਰ ਚੱਲਣ ਵਾਲਾ ਨਾਮਧਾਰੀ ਸਮਾਜ ਸੰਸਾਰ ਵਿਚ ਖਾਲਸੇ ਦੇ ਨਿਆਰੇ ਸਰੂਪ ਦੀ ਸੋਭਾ ਵਧਾ ਰਿਹਾ ਹੈ।



ਜਿਹੜੇ ਬਿਰਧ ਚਲਨ ਫਿਰਨ ਤੋਂ ਅਸਮਰੱਥ ਹੁੰਦੇ ਸ੍ਰੀ ਸਤਿਗੁਰੂ ਜੀ ਉਨ੍ਹਾਂ ਦੇ ਗ੍ਰਹਿ ਵਿਖੇ ਆਪ ਦਰਸਨ ਦੇਂਦੇ।
ਜੂਨ 1989 ਇਲਾਕਾ ਜੀਵਨ ਨਗਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਬਾ ਗੁੱਜਰ ਸਿੰਘ ਨੂੰ ਨਿਵਾਜਦੇ ਹੋਏ।

ਇਹ ਹੈ ਸੋਮਾਂ ਪਿਆਰਾਂ ਦਾ,
ਖਿਮਾਂ, ਸੀਲਤਾ, ਸੱਚ, ਸੁੱਚ, ਸੰਜਮ ਘੇਰਾ ਇਦ੍ਹੇ ਦੀਦਾਰਾਂ ਦਾ,
ਦੁੱਖ ਭੁੱਲਦੇ, ਸੁਖ ਸਹਿਜ ਉਪਜਦੇ, ਰਸ ਮਿਲਦਾ ਝਨਕਾਰਾਂ ਦਾ,
ਤੜਪ ਬੁੱਝੇ, ਤਨ, ਮਨ ਤੇ ਧਨ ਦੀ, ਪਾ ਝਲਕਾ ਇਕ ਵਾਰਾਂ ਦਾ,
ਸੂਖਮ, ਕੋਮਲ, ਸਦਾ ਸੁਗੰਧਤ, ਮਹਿਰਮ ਦਿਲ ਦੀਆਂ ਤਾਰਾਂ ਦਾ,
ਮਾਨੁਖਤਾ ਦੇ ਬੂਟੇ ਉੱਤੇ ਮਹਿਕਿਆ ਪੁਸ਼ਪ ਬਹਾਰਾਂ ਦਾ।

(-ਪ੍ਰੀਤਮ ਸਿੰਘ ਕਵੀ)

ਪ੍ਰਕਾਸ਼ਕ:- ਵਿਸ਼ਵ ਨਾਮਧਾਰੀ ਸੰਗਤ
www.sribhainisahib.com